## ਸਤੰਬਰ 2018 ਤੋਂ ਮੂਅਰ ਐਲਰਟਨ ਹਾਲ ਪ੍ਰਾਇਮਰੀ ਸਕੂਲ ਅਤੇ ਐਲਟਰਟੋਨ ਗਰੇਂਜ ਹਾਈ ਸਕੂਲ ਦੇ ਮਿਲਕੇ ਕੰਮ ਕਰਨ ਦੇ ਪ੍ਰਸਤਾਵ ਬਾਰੇ ਸਕੂਲ ਵੱਲੋਂ ਆਯੋਜਿਤ ਜਨਤਕ ਸਲਾਹ-ਮਸ਼ਵਰਾ।

**ਮਸ਼ਵਰਾ-ਮਸ਼ਵਰੇ ਲਈ ਦਿਨ: 12 ਅਕਤੂਬਰ 2017 ਬੁੱਧਵਾਰ ਤੋਂ 29 ਨਵੰਬਰ 2017 ਬੁੱਧਵਾਰ ਸ਼ਾਮ 4 ਵਜੇ ਤੱਕ**

**ਉਹ ਪ੍ਰਸਤਾਵ ਜਿਸ ਬਾਰੇ ਅਸੀਂ ਤੁਹਾਨੂੰ ਪੁੱਛ ਰਹੇ ਹਾਂ**

ਸਥਾਨਕ ਖੇਤਰ ਵਿੱਚ ਪ੍ਰਾਇਮਰੀ ਸਕੂਲਾਂ ਲਈ ਹੋਰ ਥਾਵਾਂ ਦੀ ਲੰਬੀ ਮਿਆਦ ਦੀ ਲੋੜ ਨੂੰ ਪੂਰਾ ਕਰਨ ਲਈ, ਲੀਡਜ਼ ਸਿਟੀ ਕੌਂਸਲ ਪ੍ਰਸਤਾਵ ਸੁਝਾਅ ਦਿੰਦੀ ਹੈ ਕਿ ਐਲਟਰਨ ਗਰੇਂਜ ਹਾਈ ਸਕੂਲ ਅਤੇ ਮੂਅਰ ਐਲਟਰਨ ਹਾਲ ਪ੍ਰਾਇਮਰੀ ਸਕੂਲ 3 ਤੋਂ 19 ਸਾਲ ਦੀ ਉਮਰ ਦੇ ਬੱਚਿਆਂ ਲਈ ਇੱਕ ਸਕੂਲ ਬਣਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ। ਪ੍ਰਸਤਾਵ ਵਿੱਚ ਇਹਨਾਂ ਦੀ ਲੋੜ ਹੋਵੇਗੀ:

- ਐਲਰਟਨ ਹਾਲ ਨੂੰ ਇੱਕ ਵੱਖਰੇ ਪ੍ਰਾਇਮਰੀ ਸਕੂਲ ਦੇ ਤੌਰ 'ਤੇ ਬੰਦ ਕਰਨਾ, ਅਤੇ ਐਲਰਟਨ ਗਰੇਂਜ ਸਕੂਲ ਦੇ ਇੱਕ ਭਾਗ ਦੇ ਤੌਰ 'ਤੇ ਪ੍ਰਾਇਮਰੀ ਪ੍ਰਾਵਧਾਨ ਨੂੰ ਮੁੜ ਖੋਲ੍ਹਣਾ;
- ਐਲਰਟਨ ਗਰੇਂਜ ਹਾਈ ਸਕੂਲ ਦੀ ਉਮਰ ਦੀ ਹੱਦ ਨੂੰ 11-19 ਤੋਂ 3-19 ਸਾਲ ਦੀ ਉਮਰ ਤੱਕ ਘਟਾਉਣਾ;
- ਸਤੰਬਰ 2018 ਤੋਂ, ਸਕੂਲ ਵਿੱਚ 60 ਤੋਂ 120 ਥਾਵਾਂ ਤੋਂ ਦਾਖਲੇ ਲੈਣੇ, ਜਿਸ ਨਾਲ ਸਥਾਨਕ ਸਮਾਜ ਲਈ ਪ੍ਰਾਇਮਰੀ ਸਕੂਲਾਂ ਦੇ ਸਥਾਨਾਂ ਵਿੱਚ ਦਾਖਲੇ ਲੈਣ ਦੇ ਦੋ ਹੋਰ ਤਰੀਕੇ ਸਾਹਮਣੇ ਆਉਣਗੇ

ਇਹ ਅਨੁਮਾਨ ਲਗਾਇਆ ਗਿਆ ਹੈ ਕਿ ਸ਼ੁਰੂਆਤੀ ਸਾਲ ਅਤੇ ਕੀਅ ਜਮਾਤ (Early Years and Key Stage) 1 ਦੇ ਬੱਚਿਆਂ ਅਤੇ ਕਰਮਚਾਰੀਆਂ ਨੂੰ ਮੌਜੂਦਾ ਮੂਅਰ ਐਲਰਟਨ ਹਾਲ ਪ੍ਰਾਇਮਰੀ ਸਕੂਲ ਦੀ ਇਮਾਰਤ ਦੇ ਅੰਦਰ ਬਿਹਤਰ ਆਉਟਡੋਰ ਸੁਵਿਧਾਵਾਂ ਦੇ ਨਾਲ ਇੱਕ ਵਧੀਆ ਮਾਹੌਲ ਵਿੱਚ ਰਹਿਣਗੇ। ਕੀਅ ਜਮਾਤ (Key Stage) 2 ਦੇ ਬੱਚੇ ਅਤੇ ਕਰਮਚਾਰੀ ਨੌਰਥ ਈਸਟ ਲਰਨਿੰਗ ਕੇਂਦਰ ਦੀ ਇਮਾਰਤ ਦੇ ਅੰਦਰ ਰਹਿਣਗੇ ਅਤੇ ਕੀਅ ਜਮਾਤ (Key Stage) 3 ਅਤੇ 4 ਦੇ ਬੱਚੇ ਉੱਚ ਪਾਠਸ਼ਾਲਾ ਭਵਨ ਵਿੱਚ ਹੀ ਰਹਿਣਗੇ। ਜੇਕਰ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਮੌਜੂਦਾ ਸਹੂਲਤਾਂ, ਵਾਧੂ ਰਿਹਾਇਸ਼ ਜਾਂ ਮੌਜੂਦਾ ਇਮਾਰਤਾਂ ਦੀ ਰੀਮਾਡਲਿੰਗ ਵਿੱਚ ਜ਼ਰੂਰੀ ਕੋਈ ਵੀ ਤਬਦੀਲੀ, ਡਿਜ਼ਾਈਨ ਅਤੇ ਯੋਜਨਾ ਪ੍ਰਕਿਰਿਆ ਦਾ ਹਿੱਸਾ ਹੋਵੇਗੀ।

**ਕਿਰਪਾ ਧਿਆਨ ਦਿਓ**: ਸੁਵਿਧਾਵਾਂ ਵਿੱਚ ਕੀਤੀ ਗਈ ਕਿਸੇ ਵੀ ਤਬਦੀਲੀ ਵਿੱਚ ਐਲਰਟਨ ਗਰੇਂਜ ਫੀਲਡਸ ਦੀ ਵਰਤੋਂ ਸ਼ਾਮਲ ਨਹੀਂ ਹੋਵੇਗੀ। ਇਹ ਇੰਝ ਹੀ ਬਰਕਰਾਰ ਰਹੇਗਾ।

ਪ੍ਰਸਤਾਵ ਦਾ ਇਹ ਮਤਲਬ ਹੋਵੇਗਾ ਕਿ ਇੱਕ ਸਕੂਲ ਦਾ ਸੰਚਾਲਨ ਤਿੰਨ ਥਾਵਾਂ ਤੋਂ ਹੋਵੇਗਾ, ਇਸ ਵਿੱਚ ਇੱਕ ਮੁੱਖ ਅਧਿਆਪਕ, ਇੱਕ ਪ੍ਰਬੰਧਕ ਸਭਾ ਅਤੇ ਇੱਕ ਪ੍ਰਾਇਮਰੀ ਫੇਜ਼ ਲੀਡ ਹੋਵੇਗਾ। ਜਿਹੜੇ ਬੱਚੇ ਸਾਲ ਸਤੰਬਰ 2018 ਤੋਂ ਸਕੂਲ ਵਿੱਚ ਦਾਖਲਾ ਲੈਣਗੇ, ਉਹ ਛੇਵੀਂ ਜਮਾਤ ਤੱਕ ਇੱਥੇ ਹੀ ਰਹਿਣਗੇ, ਜਦੋਂ ਤੱਕ ਕਿ ਉਹ 7ਵੇਂ ਸਾਲ ਵਿੱਚ ਕਿਸੇ ਹੋਰ ਥਾਂ 'ਤੇ ਦਾਖਲਾ ਨਾ ਲੈ ਲੈਣ।

ਮੂਅਰ ਐਲਰਟਨ ਹਾਲ ਅਤੇ ਐਲਰਟਨ ਗਰੇਂਜ ਵਿੱਖੇ ਬਹਿਰੇ ਅਤੇ ਮੂਕ ਬੱਚਿਆਂ ਲਈ ਮੌਜੂਦਾ ਵਿਵਸਥਾ ਪ੍ਰਭਾਵਿਤ ਨਹੀਂ ਹੋਵੇਗੀ ਅਤੇ ਜੇਕਰ ਮੁਮਕਿਨ ਹੋਵੇ ਤਾਂ ਇਹ ਸਕੂਲ ਦੇ ਮਾਡਲ ਦੇ ਇੱਕ ਹਿੱਸੇ ਦੇ ਤੌਰ 'ਤੇ ਇੰਝ ਹੀ ਕੰਮ ਕਰੇਗੀ।

ਚਿਲਡਰਨ ਸੈਂਟਰ ਦੀਆਂ ਸੇਵਾਵਾਂ ਪ੍ਰਭਾਵਿਤ ਨਹੀਂ ਹੋਣਗੀਆਂ ਅਤੇ ਮੁੱਢਲੇ ਸਾਲਾਂ ਦੇ ਪ੍ਰਬੰਧਨ ਦੇ ਨਾਲ ਮੌਜੂਦਾ ਇਮਾਰਤ ਦੇ ਅੰਦਰ ਕੰਮ ਕਰਨਾ ਜਾਰੀ ਰੱਖਣਗੀਆਂ।

ਜਿਹੜੇ ਬੱਚੇ ਸਾਲ ਸਤੰਬਰ 2018 ਤੋਂ ਸਕੂਲ ਵਿੱਚ ਛੇਵੀਂ ਜਮਾਤ ਦਾਖਲਾ ਲੈਣਗੇ, ਉਹਨਾਂ ਨੂੰ ਦਾਖਲਾ ਦੇ ਦਿੱਤਾ ਜਾਵੇਗਾ ਅਤੇ ਇਸ ਲਈ 7ਵੇਂ ਸਾਲ ਵਿੱਚ ਕਿਸੇ ਹੋਰ ਥਾਂ 'ਤੇ ਜਾਣ ਦੀ ਲੋੜ ਨਹੀਂ ਹੋਵੇਗੀ। ਹਾਲਾਂਕਿ, ਮਾਤਾ-ਪਿਤਾ ਕੋਲ ਅਜੇ ਵੀ ਕਿਸੇ ਵਿਕਲਪਕ ਸੈਕੰਡਰੀ ਥਾਂ 'ਤੇ ਸਧਾਰਨ ਦਾਖਲੇ ਰਾਹੀਂ ਦਾਖਲਾ ਕਰਾਉਣ ਦਾ ਮੌਕਾ ਹੋਏਗਾ।

**ਰਾਊਂਡਹੇ ਵਾਰਡ ਅਤੇ ਲੋੜੀਂਦਾ ਖੇਤਰ**

ਰਾਊਂਡਹੇ ਇਲਾਕੇ ਵਿੱਚ ਪਿਛਲੇ ਦਹਾਕੇ ਵਿੱਚ ਲਗਾਤਾਰ ਆਬਾਦੀ ਵਿੱਚ ਵਾਧਾ ਹੋਇਆ ਹੈ। ਐਲਰਟਨ ਗਰੇਂਜ ਹਾਈ ਸਕੂਲ ਅਤੇ ਮੂਅਰ ਐਲਰਟਨ ਹਾਲ ਪ੍ਰਾਇਮਰੀ ਸਕੂਲ ਦੋਹੇਂ ਦਬਾਅ ਦੇ ਖੇਤਰ ਤੋਂ ਵਾਜਬ ਦੂਰੀ 'ਤੇ ਸਥਿਤ ਹਨ ਅਤੇ ਪਛਾਣੀਆਂ ਗਈਆਂ ਸਾਰੀਆਂ ਵਾਧੂ ਮੰਗਾਂ ਨੂੰ ਪੂਰਾ ਕਰਨ ਲਈ ਇੱਕ ਐਡਮਿਸ਼ਨ ਪੁਆਇੰਟ ਦੇ ਤੌਰ 'ਤੇ ਨਿਰਧਾਰਤ ਕੀਤਾ ਜਾਵੇਗਾ।




## ਭਵਿੱਖ ਦੀ ਉਮੀਦ: ਰਿਸੈਪਸ਼ਨ ਅਨੁਮਾਨ ਬਨਾਮ ਭਵਿੱਖ ਦੇ ਵਿਦਿਆਰਥੀਆਂ ਦੀ ਸੰਭਾਵੀ ਸੰਖਿਆ ਜੇ ਮਾਧਮਿਕ ਸਕੂਲ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ

ਰਾਊਂਡਹੇ ਵਾਰਡ ਦੇ ਅੰਦਰ ਉਨ੍ਹਾਂ ਸੰਭਾਵੀ ਬੱਚਿਆਂ ਦੀ ਗਿਣਤੀ ਜਿਨ੍ਹਾਂ ਨੂੰ ਹਰੇਕ ਰਿਸੈਪਸ਼ਨ ਜਮਾਤ ਵਰ੍ਹੇ ਭਾਵ 2018 ਅਤੇ 2021 (ਵਰਤਮਾਨ 0-5 ਸਾਲ ਦੇ ਸਮੂਹ ਦੇ ਬੱਚੇ) ਸਕੂਲ ਵਿਚ ਦਾਖਲਾ ਚਾਹੀਦਾ ਹੋਏਗਾ, ਹਰੇਕ ਸਾਲ 56 ਸਥਾਨਾਂ ਤੱਕ ਦੀ ਕਮੀ ਦਰਸਾਉਂਦੀ ਹੈ। ਜੇ ਪ੍ਰਸਤਾਵ ਅੱਗੇ ਵੱਧਦਾ ਹੈ ਤਾ ਤਾਂ ਅਗਾਊਂ ਭਵਿੱਖ ਲਈ ਵਾਧੂ ਸਥਾਨ ਅਨੁਮਾਨਤ ਵਧੀਕ ਮੰਗ ਨੂੰ ਪੂਰਾ ਕਰਨਗੇ।



**ਆਪਣੀ ਰਾਏ ਕਿੰਝ ਰੱਖੀ ਜਾਵੇ**

ਤੁਸੀਂ ਹੇਠਾਂ ਦਿੱਤੇ ਗਏ ਡ੍ਰੌਪ-ਇਨ ਸੈਸ਼ਨਾਂ ਵਿੱਚੋਂ ਕਿਸੇ ਇੱਕ ਵਿੱਚ ਭਾਗ ਲੈਣ ਦੀ ਚੋਣ ਕਰ ਸਕਦੇ ਹੋ। ਇਹ ਕਾਰਜਕ੍ਰਮ ਤੁਹਾਨੂੰ ਸਵਾਲ ਪੁੱਛਣ ਅਤੇ ਕਾਉਂਸਿਲ ਦਿਆਂ ਅਧਿਕਾਰੀਆਂ ਤੋਂ ਗੈਰ ਰਸਮੀ ਆਧਾਰ 'ਤੇ ਵਧੇਰੇ ਜਾਣਕਾਰੀ ਹਾਸਲ ਕਰਨ ਦਾ ਮੌਕਾ ਦੇਵੇਗਾ। ਇਹਨਾਂ ਦੋਹਾਂ ਬੈਠਕਾਂ ਵਿੱਚ ਅਨੁਵਾਦ ਸੇਵਾ ਉਪਲਬਧ ਹੋਵੇਗੀ।

| ਸਥਾਨ | ਮਿਤੀ | ਸਮਾਂ |
|---|---|---|
| ਮੂਅਰ ਐਲਟਰਨ ਹਾਲ ਪ੍ਰਾਇਮਰੀ ਸਕੂਲ | ਵੀਰਵਾਰ 19 ਅਕਤੂਬਰ 2017 | ਸ਼ਾਮ 5 ਤੋਂ 7 ਵਜੇ |
| ਨੌਰਥ ਈਸਟ ਲਰਨਿੰਗ ਸੈਂਟਰ, ਟੈਲਬੋਟ ਐਵੇਨਿਊ<br>*ਬ੍ਰਿਟਿਸ਼ ਸਾਈਨ ਭਾਸ਼ਾ ਦਾ ਦੁਭਾਸ਼ੀਆ ਮੌਜੂਦ ਹੈ* | ਬੁੱਧਵਾਰ 1 ਨਵੰਬਰ 2017 | ਸ਼ਾਮ 6.30 ਤੋਂ 8 ਵਜੇ |
| ਮੂਅਰ ਐਲਟਰਨ ਹਾਲ ਪ੍ਰਾਇਮਰੀ ਸਕੂਲ<br>**ਪੰਜਾਬੀ ਅਤੇ ਉਰਦੂ ਦਾ ਦੁਭਾਸ਼ੀਆ ਮੌਜੂਦ ਹੈ* | ਬੁੱਧਵਾਰ 15ਨਵੰਬਰ 2017 | ਸਵੇਰੇ 8.45 ਤੋਂ 9.30 ਵਜੇ |
| ਨੌਰਥ ਈਸਟ ਲਰਨਿੰਗ ਸੈਂਟਰ, ਟੈਲਬੋਟ ਐਵੇਨਿਊ | ਵੀਰਵਾਰ 16 ਨਵੰਬਰ 2017 | ਸ਼ਾਮ 5 ਤੋਂ 7ਵਜੇ |
| ਨੌਰਥ ਈਸਟ ਲਰਨਿੰਗ ਸੈਂਟਰ, ਟੈਲਬੋਟ ਐਵੇਨਿਊ<br>**ਪੰਜਾਬੀ ਅਤੇ ਉਰਦੂ ਦਾ ਦੁਭਾਸ਼ੀਆ ਮੌਜੂਦ ਹੈ* | ਸ਼ਨੀਵਾਰ 18 ਨਵੰਬਰ 2017 | ਸਵੇਰੇ 10 ਤੋਂ 12 ਵਜੇ |

**ਜਵਾਬ ਇਹਨਾਂ ਤਰੀਕਿਆਂ ਨਾਲ ਦਿੱਤੇ ਜਾ ਸਕਦੇ ਹਨ:**

ਸਲਾਹ-ਮਸ਼ਵਰੇ ਦੇ ਫਾਰਮ ਨੂੰ ਪੂਰਾ ਕਰੋ ਅਤੇ:

- ਡ੍ਰੌਪ-ਇਨ ਕਾਰਜਕ੍ਰਮ ਦੇ ਦੌਰਾਨ ਇਹ ਹੱਥੀਂ ਦਿਓ
- ਇਹ ਕਿਸੇ ਸਕੂਲ ਦੇ ਦਫ਼ਤਰ ਤੱਕ ਪਹੁੰਚਾਓ
- ਇਸਨੂੰ educ.school.organisation@leeds.gov.uk 'ਤੇ ਮੇਲ ਕਰੋ
- ਇਸ ਨੂੰ 29 ਨਵੰਬਰ, 4 ਵਜੇ ਤੱਕ ਲੀਡਸ ਸਿਟੀ ਕਾਉਂਸਿਲ, ਪੀ.ਓ. ਬਾਕਸ 837, c/o ਲੀਡਜ਼ ਟਾਊਨ ਹਾਲ, ਸਫ਼ੀਸ਼ੇਂਸੀ ਅਤੇ ਪਾਰਟੀਸਿਪੇਸ਼ਨ ਟੀਮ, ਲੀਡਜ਼, LS1 9PZ 'ਤੇ ਪੋਸਟ ਕਰੋ।

ਲੀਡਸ ਸਿਟੀ ਕੌਂਸਲ ਦੀ ਵਰਡਪ੍ਰੈੱਸ ਸਾਈਟ (ਚਰਚਾ ਫੋਰਮ) 'ਤੇ ਜਵਾਬ ਪੋਸਟ ਕਰੋ:

https://leedsschoolplaceplanning.wordpress.com/category/Roundhay/

ਇਸ ਲਿੰਕ 'ਤੇ ਸਾਡਾ ਆਨਲਾਈਨ ਸਰਵੇਖਣ ਵਰਤੋ: **https://tinyurl.com/yd9hgtqy**

ਪ੍ਰਸਤਾਵ ਦੀ ਪ੍ਰਗਤੀ ਬਾਰੇ ਜਾਣਕਾਰੀ ਸਮੇਤ ਇੱਕ ਪੂਰੀ ਮਸ਼ਵਰਾ ਪੁਸਤਕ, ਇੱਥੇ ਉਪਲਬਧ ਹੈ: **http://www.leeds.gov.uk/residents/Pages/Currentschoolsconsultation.aspx**

* ਇਸ ਦਸਤਾਵੇਜ਼ ਬਾਰੇ ਵਿਸਥਾਰ ਵਿੱਚ ਜਾਣਨ ਲਈ ਉਪਰੋਕਤ ਸੈਸ਼ਨਾਂ 'ਤੇ ਦੁਭਾਸ਼ੀਏ ਉਪਲਬਧ ਹੋਣਗੇ

**ਪ੍ਰਕਿਰਿਆ ਵਿੱਚ ਅਗਲੇ ਕਦਮ ਕੀ ਹਨ?**

| ਮਿਤੀ | ਮੁੱਖ ਕਾਰਜਕ੍ਰਮ |
|---|---|
| 12 ਅਕਤੂਬਰ 2017 | ਸੱਤ ਹਫ਼ਤੇ ਦਾ ਸਲਾਹ-ਮਸ਼ਵਰਾ ਪੜਾਅ ਸ਼ੁਰੂ ਹੁੰਦਾ ਹੈ। ਵਿਚਾਰ/ਪ੍ਰਤੀਕਿਰਿਆਵਾਂ ਦਰਜ ਕਰਨ ਦਾ ਮੌਕਾ ਅਤੇ ਸੂਚਨਾ ਡ੍ਰੌਪ-ਇਨ ਸੈਸ਼ਨਾਂ ਵਿਚ ਹਾਜ਼ਰ ਹੋਵੋ |
| 29 ਨਵੰਬਰ 2017 | ਸਲਾਹ-ਮਸ਼ਵਰਾ ਸ਼ਾਮ 4 ਵਜੇ ਸਮਾਪਤ ਹੁੰਦਾ ਹੈ |
| ਦਸੰਬਰ 2017 | ਪ੍ਰਾਰੰਭਿਕ ਮਿਤੀ ਜੋ ਇਕ ਕਾਰਜਕਾਰਨੀ ਬੋਰਡ ਦੁਆਰਾ ਉਨ੍ਹਾਂ ਤੇ ਫੈਸਲਾ ਕਰਨ ਲਈ ਇਕ ਰਿਪੋਰਟ ਤੇ ਵਿਚਾਰ ਕਰੇਗੀ ਕਿ ਪ੍ਰਸਤਾਵ ਅਗਲੇ ਪੜਾਅ 'ਤੇ ਅੱਗੇ ਵਧ ਸਕਦਾ ਹੈ ਜਾਂ ਨਹੀਂ |
| ਜਨਵਰੀ 2018 | ਚਾਰ ਹਫਤਿਆਂ ਦੀ ਨੁਮਾਇੰਦਗੀ ਮਿਆਦ ਦੇ ਬਾਅਦ ਪ੍ਰਰੰਭਿਕ ਮਿਤੀ ਕਿ ਸਟੈਚੁਟਰੀ ਨੋਟਿਸਾਂ ਨੂੰ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ (ਜੇ ਪ੍ਰਵਾਨਗੀ ਦਿੱਤੀ ਜਾਂਦੀ ਹੈ) |
| ਮਾਰਚ 2018 | ਪ੍ਰਾਰੰਭਿਕ ਮਿਤੀ, ਜੋ ਕਿ ਰਿਪੋਰਟ ਨੂੰ ਕਾਰਜਕਾਰੀ ਬੋਰਡ ਦੁਆਰਾ ਉਸ ਦੇ ਪ੍ਰਸਤਾਵ ਤੇ ਆਖਰੀ ਫੈਸਲਾ ਕਰਨ ਲਈ ਵਿਚਾਰਿਆ ਜਾਏਗਾ |
| ਸਿਤੰਬਰ 2018 | ਪ੍ਰਸਤਾਵ ਦੇ ਸਵੀਕਾਰ ਹੋਣ ਤੇ ਉਹ ਮਿਤੀ ਜਦੋਂ ਵਾਧੂ ਮੁਢਲੇ ਸਥਾਨ ਉਪਲਬਧ ਹੋਣਗੇ |